# Arbitral Tribunal award on the request of Italy in respect of a dispute concerning the incident of 15 February 2012 involving Italian tanker "Enrica Lexie" and Indian fishing vessel "St. Antony"

July 02, 2020

## 15 ਫਰਵਰੀ 2012 ਨੂੰ ਇਤਾਲਵੀ ਟੈਂਕਰ "ਐਨਰੀਕਾਲੈਕਸੀ" ਅਤੇ ਭਾਰਤੀ ਮੱਛੀ ਫੜਨ ਵਾਲੇ ਸਮੁੰਦਰੀ ਜਹਾਜ਼ "ਸੇਂਟ ਐਂਟਨੀ" ਨਾਲ ਜੁੜੇ ਵਿਵਾਦ ਦੇ ਸੰਬੰਧ ਵਿਚ ਇਟਲੀ ਦੀ ਬੇਨਤੀ 'ਤੇ ਸਾਲਸੀ ਅਦਾਲਤ ਵੱਲੋਂ ਦਿਤਾ ਗਿਆ ਫੈਸਲਾ

2 ਜੁਲਾਈ, 2020

15 ਫਰਵਰੀ 2012 ਨੂੰ ਇਤਾਲਵੀ ਟੈਂਕਰ "ਐਨਰੀਕਾਲੈਕਸੀ" ਅਤੇ ਭਾਰਤੀ ਮੱਛੀ ਫੜਨ ਵਾਲੇ ਸਮੁੰਦਰੀ ਜਹਾਜ਼ "ਸੇਂਟ ਐਂਟਨੀ" ਨਾਲ ਜੁੜੇ ਵਿਵਾਦ ਦੇ ਸੰਬੰਧ ਵਿਚ ਇਟਲੀ ਦੀ ਬੇਨਤੀ' ਤੇ ਸੰਯੁਕਤ ਰਾਸ਼ਟਰ ਸਮੁੰਦਰੀ ਕਾਨੂੰਨ ਸਮਝੌਤੇ (ਯੂ.ਐਨ.ਸੀ.ਐੱਲ.ਓ.ਐੱਸ.) ਦੇ ਅਨੈਕਸ਼ਰ VIII ਤਹਿਤ ਬਣਾਈ ਗਈ ਸਾਲਸੀ ਅਦਾਲਤ ਨੇ ਆਪਣਾ ਫੈਸਲਾ ਸੁਣਾ ਦਿੱਤਾ ਹੈ।

ਇਸ ਫੈਸਲੇ ਦੇ ਮੁੱਖ ਤੱਤ ਇਸ ਪ੍ਰਕਾਰ ਹਨ:

• ਸਾਲਸੀ ਅਦਾਲਤ ਨੇ ਯੂ.ਐਨ.ਸੀ.ਐੱਲ.ਓ.ਐੱਸ. ਦੇ ਉਪਬੰਧਾਂ ਤਹਿਤ ਇਸ ਘਟਨਾ ਦੇ ਸੰਬੰਧ ਵਿਚ ਭਾਰਤੀ ਅਧਿਕਾਰੀਆਂ ਦੇ ਚਾਲ-ਚਲਣ ਨੂੰ ਜਾਇਜ਼ ਕਰਾਰ ਦਿੱਤਾ। ਅਦਾਲਤ ਨੇ ਫੈਸਲੇ ਸੁਣਾਇਆ ਕਿ ਇਤਾਲਵੀ ਫੌਜੀ ਅਫਸਰਾਂ ਦੇ ਕੱਮ ਕਾਰਜਾਂ ਅਤੇ ਇਸਦੇ ਨਤੀਜੇ ਵਜੋਂ ਇਟਲੀ ਵੱਲੋਂ ਕੀਤੀ ਗਈ ਕਾਰਵਾਈ ਨਾਲ ਯੂ. ਐਨ. ਸੀ. ਐਲ. ਓ. ਐੱਸ. ਦੀ ਧਾਰਾ 87 (1) (ੲ) ਅਤੇ 90 ਦੇ ਤਹਿਤ ਭਾਰਤ ਨੂੰ ਮਿਲੀ ਸਮੁੰਦਰੀ ਆਵਾਜਾਈ ਦੀ ਆਜ਼ਾਦੀ ਦੀ ਉਲੰਘਣਾ ਹੋਈ।

ਅਦਾਲਤ ਨੇ ਕਿਹਾ ਕਿ ਇਸ ਘਟਨਾ ਦੇ ਸੰਬੰਧ ਵਿੱਚ ਭਾਰਤ ਅਤੇ ਇਟਲੀ ਨੂੰ ਸਾਂਝੇ ਹੱਕ ਹਾਸਲ ਹੋਣ ਤੋਂ ਛੁੱਟ ਮੇਰੀਨਜ਼ ਦੇ ਵਿਰੁੱਧ ਅਪਰਾਧਿਕ ਕਾਰਵਾਈ ਕਰਨ ਦਾ ਜਾਇਜ਼ ਕਾਨੂੰਨੀ ਅਧਾਰ ਪ੍ਰਾਪਤ ਹੈ। ਅਦਾਲਤ ਨੇ ਮੈਰੀਨਜ਼ ਦੀ ਨਜ਼ਰਬੰਦੀ ਦੇ ਬਦਲੇ ਇਟਲੀ ਵੱਲੋਂ ਕੀਤੇ ਗਏ ਮੁਆਵਜ਼ੇ ਦੇ ਦਾਅਵੇ ਨੂੰ ਰੱਦ ਕਰ ਦਿੱਤਾ। ਹਾਲਾਂਕਿ ਅਦਾਲਤ ਨੇ ਇਹ ਨਤੀਜਾ ਕੱਢਿਆ ਕਿ ਸਰਕਾਰੀ ਅਧਿਕਾਰੀ ਹੋਣ ਦੇ ਨਾਤੇ ਮੈਰੀਨਜ਼ ਨੂੰ ਮਿਲੀਆਂ ਵਿਸ਼ੇਸ਼ ਛੋਟਾਂ ਭਾਰਤੀ ਅਦਾਲਤਾਂ ਦੇ ਅਧਿਕਾਰ ਖੇਤਰ ਦੇ ਅਪਵਾਦ ਵਜੋਂ ਹਨ ਅਤੇ ਇਸ ਲਈ ਉਨ੍ਹਾਂ ਨੂੰ ਮੈਰੀਨਜ਼ ਬਾਰੇ ਨਿਰਣਾ ਕਰਨ ਤੋਂ ਮਨਾਹੀ ਹੈ।

ਅਦਾਲਤ ਨੇ ਇਟਲੀ ਦੁਆਰਾ 15 ਫਰਵਰੀ 2012 ਦੀਆਂ ਘਟਨਾਵਾਂ ਸੰਬੰਧੀ ਮੁੜ ਤੋਂ ਅਪਰਾਧਿਕ ਜਾਂਚ ਸ਼ੁਰੂ ਕਰਨ ਬਾਰੇ ਜ਼ਾਹਰ ਕੀਤੀ ਗਈ ਵਚਨਬੱਧਤਾ ਦਾ ਨੋਟਿਸ ਲਿਆ।

ਅਦਾਲਤ ਨੇ ਫੈਸਲਾ ਸੁਣਾਇਆ ਕਿ ਭਾਰਤ ਨੂੰ "ਸੇਂਟ ਐਂਟਨੀ" ਦੇ ਕਪਤਾਨ ਅਤੇ ਹੋਰ ਕਰਮੀਆਂ ਨੂੰ ਹੋਏ ਜਾਨ ਮਾਲ ਦੇ ਨੁਕਸਾਨ, ਸਰੀਰਕ ਨੁਕਸਾਨ, ਜਾਇਦਾਦ ਦੇ ਨੁਕਸਾਨ ਅਤੇ ਨੈਤਿਕ ਨੁਕਸਾਨ ਦੇ ਸੰਬੰਧ ਵਿੱਚ ਮੁਆਵਜ਼ਾ ਲੈਣ ਦਾ ਹੱਕ ਹੈ। ਅਦਾਲਤ ਨੇ ਇਹ ਵੀ ਫੈਸਲਾ ਦਿੱਤਾ ਕਿ ਦੋਵਾਂ ਪੱਖਾਂ ਨੂੰ ਭਾਰਤ ਨੂੰ ਮਿਲਣ ਵਾਲੇ ਮੁਆਵਜ਼ੇ ਦੀ ਰਾਸ਼ੀ ਦੇ ਸੰਬੰਧ ਵਿੱਚ ਸਮਝੌਤਾ ਕਰਨ ਲਈ ਇਕ ਦੂਜੇ ਨਾਲ ਸਲਾਹ ਮਸ਼ਵਰਾ ਕਰਨ ਲਈ ਸੱਦਾ ਦਿੱਤਾ ਗਿਆ ਹੈ। ਅਦਾਲਤ ਨੇ ਇਹ ਫੈਸਲਾ ਵੀ ਕੀਤਾ ਹੈ ਕਿ ਕਿਸੇ ਇੱਕ ਪੱਖ ਜਾਂ ਦੋਨਾਂ ਪੱਖਾਂ ਵੱਲੋਂ ਭਾਰਤ ਨੂੰ ਮਿਲਣ ਵਾਲੇ ਮੁਆਵਜ਼ੇ ਦੀ ਰਾਸ਼ੀ ਨਿਰਧਾਰਤ ਕਰਨ ਬਾਰੇ ਇਸ ਸਾਲਸੀ ਅਦਾਲਤ ਨੂੰ ਦਰਖ਼ਾਸਤ ਦਿੱਤੇ ਜਾਣ ਦੇ ਮਾਮਲੇ ਵਿੱਚ ਇਸਦਾ ਅਧਿਕਾਰ ਖੇਤਰ ਕਾਇਮ ਰਹੇਗਾ।

ਭਾਰਤ ਨੇ ਇਸ ਫੈਸਲੇ ਦਾ ਨੋਟਿਸ ਲੈ ਲਿਆ ਹੈ ਅਤੇ ਉਹ ਇਸ ਮੁੱਦੇ 'ਤੇ ਸਬੰਧਤ ਇਕਾਈਆਂ ਨਾਲ ਸੰਪਰਕ ਵਿਚ ਰਹੇਗਾ।

ਨਵੀਂ ਦਿੱਲੀ
2 ਜੁਲਾਈ, 2020

DISCLAIMER : This is an approximate translation. The original is available in English on MEA's website and may be referred to as the official press release.